# ਨਗਰ ਨਿਗਮ ਹੁਸ਼ਿਆਰਪੁਰ

## ਪ੍ਰੈਸ ਨੋਟ

## ਬਰਸਾਤ ਦੇ ਮੌਸਮ ਨੂੰ ਦੇਖਦੇ ਹੋਇਆ ਬਰਸਾਤੀ ਨਾਲਿਆਂ ਦੀ ਸਫਾਈ ਸਬੰਧੀ ਟੀਮ ਦਾ ਗਠਨ ...... ਕਾਰਜ ਸਾਧਕ ਅਫਸਰ

ਹੁਸ਼ਿਆਰਪੁਰ 29 ਜੂਨ ਸ਼ਹਿਰ ਵਿੱਚ ਹੋ ਰਹੀ ਬਰਸਾਤ ਕਾਰਨ ਵਾਰਡ ਨੰ: 50 ਮੁਹੱਲਾ ਨੋਲਈਆਂ ਚੋਕ ਵਿਖੇ ਬਰਸਾਤੀ ਨਾਲੇ ਦਾ ਪਾਣੀ ਜਮ੍ਹਾ ਹੋਣ ਤੇ ਨਗਰ ਨਿਗਮ ਦੇ ਕਾਰਜ ਸਾਧਕ ਅਫ਼ਸਰ ਰਮੇਸ਼ ਕੁਮਾਰ ਨੇ ਸਬੰਧਤ ਅਧਿਕਾਰੀਆਂ ਨੂੰ ਨਾਲ ਲੈ ਕੇ ਮੌਕੇ ਦਾ ਜਾਇਜਾ ਲਿਆ। ਉਹਨਾਂ ਦੱਸਿਆ ਕਿ ਨਜੀਦਕ ਦੇ ਦੁਕਾਰਦਾਰਾਂ ਵਲੋਂ ਬਰਸਾਤੀ ਨਾਲੇ ਤੇ ਸਲੈਬਾਂ ਪਾ ਕੇ ਉਸ ਨੂੰ ਕਵਰ ਕੀਤਾ ਹੋਇਆ ਸੀ। ਜਿਸ ਕਾਰਨ ਬਰਸਾਤੀ ਨਾਲੇ ਵਿੱਚ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਬਰਸਾਤ ਦਾ ਪਾਣੀ ਜ੍ਹਮਾ ਹੋ ਗਿਆ ਸੀ। ਮੌਕੇ ਤੇ ਹੀ ਜੇ.ਸੀ.ਬੀ ਮਸ਼ੀਨ ਲੱਗਾ ਕੇ ਬਰਸਾਤੀ ਨਾਲੇ ਦੀ ਸਲੈਬਾਂ ਹਟੀਆਂ ਗਈਆਂ ਅਤੇ ਨਾਲੇ ਦੀ ਸਾਫੀ ਕਰਕੇ ਬਰਸਾਤੀ ਪਾਣੀ ਬਹਾਵ ਠੀਕ ਕੀਤਾਂ ਗਿਆ। ਜਿਸ ਤੇ ਮੁਹੱਲਾ ਵਾਸੀਆਂ ਵਲੋਂ ਰਾਹਤ ਮਹਿਸੂਸ ਕੀਤੀ ਜਾ ਰਹੀ ਹੈ।

ਕਾਰਜ ਸਾਧਕ ਅਫਸਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਬਰਸਾਤ ਦੇ ਮੌਸਮ ਨੂੰ ਦੇਖਦੇ ਹੋਏ ਨਗਰ ਨਿਗਮ ਸਬੰਧਤ ਅਧਿਕਾਰੀਆਂ ਦੀਆ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ। ਜੋ ਸ਼ਹਿਰ ਵਿੱਚੋਂ ਲੱਘਦੇ ਬਰਸਾਤ ਨਾਲਿਆਂ ਵਿੱਚ ਪਾਣੀ ਦੀ ਨਿਕਾਸੀ ਨੂੰ ਯਕੀਨੀ ਬਣਾਉਣਗੇ। ਉਹਨਾ ਸ਼ਹਿਰ ਵਾਸੀਆਂ ਅਪੀਲ ਕੀਤੀ ਕਿ ਸ਼ਹਿਰ ਵਿੱਚ ਲੱਘਦੇ ਬਰਸਾਤੀ ਨਾਲਿਆਂ ਵਿੱਚ ਪਲਾਸਿਟਕ ਦੇ ਲਿਫਾਫੇ , ਬੋਤਲਾਂ, ਕੂੜਾਂ ਕੁਰਕਟ ਅਤੇ ਗੰਦੇ ਕਪੜੇ ਆਦਿ ਨਾ ਸੂਟਣ ਕਿਓਕਿ ਇਸ ਨਾਲ ਬਰਸਾਤੀ ਪਾਣੀ ਦੀ ਨਿਕਾਸੀ ਵਿੱਚ ਰੁਕਵਟ ਆਉਦੀ ਹੈ,ਜ਼ਿਸ ਨਾਲ ਮੁਹੱਲਿਆਂ ਵਿੱਚ ਪਾਣੀ ਜ੍ਹਮਾਂ ਹੋ ਸਕਦਾ ਹੈ। ਨਗਰ ਨਿਗਮ ਦੇ ਐਸ.ਡੀ.ਓ ਹਰਪ੍ਰੀਤ ਸਿੰਘ , ਕੁਲਦੀਪ ਸਿੰਘ, ਚੀਫ ਸੈਨੇਟਰੀ ਇੰਸਪੈਕਟਰ ਨਵਦੀਪ ਸ਼ਰਮਾ, ਸੈਨੇਟਰੀ ਇੰਸਪਕੈਟਰ ਸੁਰਿੰਦਰ ਕੁਮਾਰ,ਜਨਕ ਰਾਜ, ਅਤੇ ਡਾਂ ਪ੍ਰਵੀਨ ਕੁਮਾਰ ਸੀ ਮੋਕ ਹਾਜਰ ਸਨ।